# ਪਤਝੜ (ਸਪ੍ਰਿੰਗ) 2020 ਤੋਂ ਇੰਗਲੈਂਡ ਵਿੱਚ ਅੰਗ ਦਾਨ ਲਈ ਕਨੂੰਨ ਬਦਲ ਰਿਹਾ ਹੈ

## ਇਹ ਕਿਤਾਬਚਾ ਤੁਹਾਡੀ ਚੋਣਾਂ ਨੂੰ ਬਿਆਨ ਕਰਦਾ ਹੈ

## ਅੰਗ ਅਤੇ ਟਿਸ਼ੂ ਦਾਨ ਕੀ ਹੈ?

ਅੰਗ ਅਤੇ ਟਿਸ਼ੂ ਦਾਨ ਦਾ ਮਤਲਬ ਹੈ ਕਿ ਜਦੋਂ ਤੁਸੀਂ ਮਰ ਜਾਂਦੇ ਹੋ ਤਾਂ ਤੁਹਾਡੇ ਅੰਗਾਂ ਅਤੇ ਟਿਸ਼ੂਆਂ ਨੂੰ ਦੂਜਿਆਂ ਦੀਆਂ ਜ਼ਿੰਦਗੀਆਂ ਬਚਾਉਣ ਜਾਂ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਦਾਨ ਦੇਣਾ।

ਇੱਕ ਅੰਗ ਦਾਨ ਕਰਨ ਵਾਲਾ ਵਿਅਕਤੀ ਨੌ ਲੋਕਾਂ ਤੱਕ ਦੀਆਂ ਜ਼ਿੰਦਗੀਆਂ ਨੂੰ ਬਚਾ ਜਾਂ ਬਦਲ ਸਕਦਾ ਹੈ। ਟਿਸ਼ੂ ਪ੍ਰਤਿਰੋਪਿਤ ਕਰਨ ਨਾਲ ਕਿਸੇ ਵਿਅਕਤੀ ਦੀ ਜੀਵਨਸ਼ੈਲੀ ਵਿੱਚ ਮਹੱਤਵਪੂਰਨ ਢੰਗ ਨਾਲ ਸੁਧਾਰ ਵੀ ਹੋ ਸਕਦਾ ਹੈ। ਇਹ ਅੱਖਾਂ ਦੀ ਪੁਤਲੀ ਹੋ ਸਕਦੀ ਹੈ ਜੋ ਕਿਸੇ ਵਿਅਕਤੀ ਨੂੰ ਦੁਬਾਰਾ ਦੇਖਣ ਵਿੱਚ ਮਦਦ ਕਰ ਸਕਦੀ ਹੈ, ਦਿਲ ਦੇ ਕਿਸੇ ਨੁਕਸ ਦਾ ਇਲਾਜ ਕਰਨ ਲਈ ਦਿਲ ਦੇ ਵਾਲਵ ਦਾ ਬਦਲਣਾ ਹੋ ਸਕਦਾ ਹੈ , ਜਾਂ ਬਹੁਤ ਗੰਭੀਰ ਜਲਨ ਦੀਆਂ ਸੱਟਾਂ ਦਾ ਇਲਾਜ ਕਰਨ ਲਈ ਚਮੜੀ ਹੋ ਸਕਦੀ ਹੈ।

## ਅੰਗ ਦਾਨ ਲਈ ਕਨੂੰਨ ਕਿਉਂ ਬਦਲ ਰਿਹਾ ਹੈ?

UK ਵਿੱਚ ਕਿਸੇ ਅੰਗ ਦੀ ਜ਼ਰੂਰਤ ਨਾਲ ਹਰ ਰੋਜ਼ ਲਗਭਗ ਤਿੰਨ ਵਿਅਕਤੀ ਮਰਦੇ ਹਨ, ਕਿਉਂਕਿ ਪ੍ਰਤਿਰੋਪਣ (ਟ੍ਰਾਂਸਪਲਾਂਟ ਕਰਨ) ਲਈ ਕਾਫ਼ੀ ਅੰਗ ਉਪਲਬਧ ਨਹੀਂ ਹਨ। ਪਰ ਕੇਵਲ 1% ਵਿਅਕਤੀ ਹੀ ਉਨ੍ਹਾਂ ਪਰਿਸਥਿਤੀਆਂ ਵਿੱਚ ਮਰਦੇ ਹਨ ਜੋ ਉਨ੍ਹ ਨੂੰ ਦਾਨ ਕਰਨ ਦੀ ਇਜਾਜ਼ਤ ਦੇਣਗੀਆਂ।

ਜ਼ਿਆਦਾਤਰ ਲੋਕ ਸਿਧਾਂਤਕ ਤੌਰ ਤੇ ਅੰਗ ਦਾਨ ਦਾ ਸਮਰਥਨ ਕਰਦੇ ਹਨ ਅਤੇ ਆਪਣੀ ਮੌਤ ਤੋਂ ਬਾਅਦ ਆਪਣੇ ਅੰਗਾਂ ਨੂੰ ਦਾਨ ਕਰਨ ਦੇ ਇੱਛਕ ਹੋਣਗੇ। ਪਰ, ਬਹੁਤ ਸਾਰੇ ਲੋਕ ਜਾਂ ਤਾਂ NHS ਅੰਗ ਦਾਨ ਰਜਿਸਟਰ ਤੇ ਦਸਤਖਤ ਕਰਕੇ ਜਾਂ ਆਪਣੇ ਪਰਿਵਾਰ ਨੂੰ ਦੱਸਕੇ ਇਸ ਫੈਸਲੇ ਨੂੰ ਸਪਸ਼ਟ ਨਹੀਂ ਕਰਦੇ। ਕਨੂੰਨ ਵਿੱਚ ਬਦਲਾਅ ਬਿਹਤਰ ਢੰਗ ਨਾਲ ਪ੍ਰਤਿਬਿੰਬਤ ਕਰਦਾ ਹੈ ਜੋ ਜ਼ਿਆਦਾਤਰ ਲੋਕ ਕਰਨਾ ਚਾਹੁੰਦੇ ਹਨ ਅਤੇ ਹੋਰ ਜ਼ਿਆਦਾ ਜ਼ਿੰਦਗੀਆਂ ਨੂੰ ਬਚਾਉਣ ਅਤੇ ਸੁਧਾਰਨ ਵਿੱਚ ਮਦਦ ਕਰੇਗਾ।

## ਕੀ ਬਦਲ ਰਿਹਾ ਹੈ?

ਪਤਝੜ (ਸਪ੍ਰਿੰਗ) 2020 ਤੋਂ, ਇੰਗਲੈਂਡ ਵਿਚਲੇ ਸਾਰੇ ਬਾਲਗਾਂ ਨੂੰ ਉਦੋਂ ਤਕ ਅੰਗ ਅਤੇ ਟਿਸ਼ੂ ਦਾਨੀ ਹੋਣ ਲਈ ਸਹਿਮਤ ਹੋਏ ਸਮਝਿਆ ਜਾਵੇਗਾ ਜਦੋਂ ਉਹ ਮਰ ਜਾਂਦੇ ਹਨ ਜੇ ਉਹ ਦਾਨ ਨਾ ਕਰਨ ਦੇ ਫੈਸਲੇ ਨੂੰ ਰਿਕਾਰਡ ਕਰਦੇ ਹਨ ਜਾਂ ਜੇ ਉਹ ਵਰਜਿਤ ਗਰੁੱਪਾਂ ਵਿਚੋਂ ਇੱਕ ਹਨ (ਦੇਖੋ 'ਇਸ ਬਦਲਾਅ ਨੂੰ ਕੌਣ ਪ੍ਰਭਾਵਿਤ ਕਰੇਗਾ?') ਇਸ ਨੂੰ ਆਮ ਤੌਰ ਤੇ 'ਬਾਹਰ ਨਿਕਲਨਾ' ਸਿਸਟਮ ਕਿਹਾ ਜਾਂਦਾ ਹੈ।

ਇਸ ਦਾ ਮਤਲਬ ਹੈ ਕਿ ਜੇ ਤੁਸੀਂ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ ਕਿ ਕੀ ਤੁਸੀਂ ਅੰਗ ਦਾਨੀ ਬਣਨਾ ਚਾਹੁੰਦੇ ਹੋ – ਫੈਸਲੇ ਨੂੰ NHS ਅੰਗ ਦਾਨ ਦਾਨੀ ਰਜਿਸਟਰ ਤੇ ਰਿਕਾਰਡ ਕਰਵਾਕੇ ਜਾਂ ਦੋਸਤਾਂ ਜਾਂ ਪਰਿਵਾਰ ਨਾਲ ਗੱਲ ਕਰਕੇ – ਤਾਂ ਇਹ ਮੰਨਿਆ ਜਾਵੇਗਾ ਕਿ ਤੁਸੀਂ ਆਪਣੇ ਅੰਗਾਂ ਨੂੰ ਦਾਨ ਕਰਨ ਤੇ ਸਹਿਮਤ ਹੋ ਜਦੋਂ ਤੁਹਾਡੀ ਮੌਤ ਹੋ ਜਾਂਦੀ ਹੈ।

ਅੰਗ ਦਾਨ ਕਰਨਾ ਇੱਕ ਬਹੁਤ ਵੱਡਾ ਦਾਨ-ਪੁੰਨ ਦਾ ਕੰਮ ਹੈ। ਤੁਹਾਡੇ ਕੋਲ ਅਜੇ ਵੀ ਇਹ ਚੁਣਨ ਦਾ ਅਧਿਕਾਰ ਹੁੰਦਾ ਹੈ ਕਿ ਕੀ ਅੰਗ ਦਾਨੀ ਬਣਨਾ ਹੈ ਜਾਂ ਨਹੀਂ। ਦਾਨ ਕਰਨ ਬਾਰੇ ਤੁਹਾਡੇ ਪਰਿਵਾਰ ਨਾਲ ਸਲਾਹ ਕੀਤੀ ਜਾਵੇਗੀ ਜਦੋਂ ਤੁਹਾਡੀ ਮੌਤ ਹੋ ਜਾਂਦੀ ਹੈ।

## ਅੰਗ ਦਾਨ ਲਈ ਕਨੂੰਨ ਕਦੋਂ ਤੋਂ ਬਦਲ ਰਿਹਾ ਹੈ?

'ਬਾਹਰ ਨਿਕਲਨ' ਦਾ ਸਿਸਟਮ ਇੰਗਲੈਂਡ ਵਿੱਚ ਪਤਝੜ (ਸਪ੍ਰਿੰਗ) 2020 ਤੋਂ ਪ੍ਰਭਾਵੀ ਹੋਵੇਗਾ।

ਉਦੋਂ ਤਕ, ਜੇ ਤੁਹਾਡੀ ਉਨ੍ਹਾਂ ਪਰਿਸਥਿਤੀਆਂ ਵਿੱਚ ਮੌਤ ਹੋ ਜਾਂਦੀ ਹੈ ਜਿੱਥੇ ਤੁਸੀਂ ਦਾਨ ਕਰਨ ਦੇ ਯੋਗ ਹੋ ਸਕਦੇ ਹੋ, ਤਾਂ ਵਿਸ਼ੇਸ਼ੱਗ ਮੈਡੀਕਲ ਸਟਾਫ ਇਹ ਦੇਖਣ ਲਈ NHS ਦਾਨੀ ਰਜਿਸਟਰ ਦੀ ਜਾਂਚ ਕਰਨਾ ਜਾਰੀ ਰੱਖੇਗਾ ਕਿ ਕੀ ਤੁਸੀਂ ਦਾਨੀ ਹੋਣ ਦੇ ਫੈਸਲੇ ਨੂੰ ਰਿਕਾਰਡ ਕਰਵਾਇਆ ਹੈ। ਜੇ ਤੁਸੀਂ ਕਰਵਾਇਆ ਹੈ, ਤਾਂ ਤੁਹਾਡੇ ਪਰਿਵਾਰ ਨੂੰ ਇਸ ਦਾ ਮਾਣ ਰੱਖਣ ਲਈ ਕਿਹਾ ਜਾਵੇਗਾ। ਜੇ ਤੁਸੀਂ ਇੱਕ ਦਾਨੀ ਵਜੋਂ ਰਜਿਸਟਰ ਨਹੀਂ ਕਰਵਾਇਆ ਹੈ, ਤਾਂ ਤੁਹਾਡੇ ਪਰਿਵਾਰ ਨੂੰ ਤੁਹਾਡੇ ਵਲੋਂ ਫੈਸਲਾ ਲੈਣ ਲਈ ਕਿਹਾ ਜਾਵੇਗਾ।

ਇੱਕ ਵਾਰ ਕਨੂੰਨ ਬਦਲਣ ਤੇ ਇਹ ਮੰਨਿਆ ਜਾਵੇਗਾ ਕਿ ਤੁਸੀਂ ਅੰਗ ਦਾਨ ਕਰਨ ਤੇ ਸਹਿਮਤ ਹੋ ਜੇ ਤੁਹਾਡੀ ਉਮਰ 18 ਸਾਲ ਤੋਂ ਜ਼ਿਆਦਾ ਹੈ ਅਤੇ:

- ਤੁਸੀਂ 'ਬਾਹਰ ਨਿਕਲੇ' ਨਹੀਂ ਹੋ, ਜਾਂ
- ਤੁਸੀਂ ਕਿਸੇ ਵਰਜਿਤ ਗਰੁੱਪ ਵਿੱਚ ਨਹੀਂ ਹੋ

ਤੁਹਾਡੇ ਪਰਿਵਾਰ ਨੂੰ ਤਾਂ ਵੀ ਸ਼ਾਮਲ ਕੀਤਾ ਜਾਵੇਗਾ।

### ਇਸ ਬਦਲਾਅ ਤੋਂ ਕੌਣ ਪ੍ਰਭਾਵਿਤ ਹੋਵੇਗਾ?

ਨਵਾਂ ਕਨੂੰਨ ਇੰਗਲੈਂਡ ਵਿੱਚ ਬਾਲਗਾਂ ਤੇ ਲਾਗੂ ਹੋਵੇਗਾ, ਜਿਨ੍ਹਾਂ ਦੀ ਇੰਗਲੈਂਡ ਵਿੱਚ ਹੀ ਮੌਤ ਹੁੰਦੀ ਹੈ।

ਇਹ ਨਿਮਨਲਿਖਤ ਤੇ ਲਾਗੂ ਨਹੀਂ ਹੋਵੇਗਾ:

- 18 ਤੋਂ ਘੱਟ ਉਮਰ ਵਾਲੇ ਵਿਅਕਤੀ
- ਉਹ ਲੋਕ ਜਿਨ੍ਹਾਂ ਦੀ ਨਵੀਂਆਂ ਵਿਵਸਥਾਵਾਂ ਨੂੰ ਸਮਝਣ ਅਤੇ ਜ਼ਰੂਰੀ ਕਾਰਵਾਈਆਂ ਕਰਨ ਦੀ ਮਾਨਸਿਕ ਸਮਰੱਥਾ ਨਹੀਂ ਹੈ
- ਉਹ ਲੋਕ ਜੋ ਮਰਣ ਤੋਂ ਪਹਿਲਾਂ ਇੰਗਲੈਂਡ ਵਿੱਚ 12 ਤੋਂ ਘੱਟ ਮਹੀਨਿਆਂ ਲਈ ਰਹੇ ਸਨ
- ਉਹ ਲੋਕ ਜੋ ਸਵੈਇੱਛਤ ਤੌਰ ਤੇ ਇੱਥੇ ਨਹੀਂ ਰਹਿ ਰਹੇ ਹਨ

## ਮੈਨੂੰ ਕੀ ਕਰਨ ਦੀ ਲੋੜ ਹੈ?

ਜਿਵੇਂ ਕਿ ਇੰਗਲੈਂਡ ਵਿੱਚ ਪਤਝੜ (ਸਪ੍ਰਿੰਗ) 2020 ਤੋਂ ਅੰਗ ਦਾਨ ਲਈ ਕਨੂੰਨ ਬਦਲ ਰਿਹਾ ਹੈ, ਅਸੀਂ ਚਾਹੁੰਦੇ ਹਾਂ ਕਿ ਹਰੇਕ ਵਿਅਕਤੀ ਫੈਸਲਾ ਕਰੇ ਕਿ ਕੀ ਉਹ ਅੰਗ ਦਾਨੀ ਬਣਨਾ ਚਾਹੁੰਦੇ ਹਨ ਅਤੇ ਆਪਣੇ ਪਰਿਵਾਰ ਨਾਲ ਆਪਣੇ ਫੈਸਲੇ ਨੂੰ ਸਾਂਝਾ ਕਰਨ।

ਜੇ ਤੁਸੀਂ **ਅੰਗ ਦਾਨੀ ਬਣਨਾ ਚਾਹੁੰਦੇ ਹੋ**, ਤਾਂ ਤੁਸੀਂ NHS Organ Donor Register ਤੇ ਇੱਕ ਦਾਨੀ ਵਜੋਂ ਰਜਿਸਟਰ ਕਰ ਸਕਦੇ ਹੋ।

ਜੇ ਤੁਸੀਂ **ਅੰਗ ਦਾਨੀ ਨਹੀਂ ਬਣਨਾ ਚਾਹੁੰਦੇ ਹੋ**, ਤਾਂ ਤੁਸੀਂ NHS Organ Donor Register ਤੇ 'ਦਾਨ ਕਰਨ ਤੋਂ ਮਨ੍ਹਾਂ ਕਰਨ' ਦੇ ਫੈਸਲੇ ਨੂੰ ਰਜਿਸਟਰ ਕਰਕੇ ਬਾਹਰ ਨਿਕਲ ਸਕਦੇ ਹੋ।

ਜੇ ਤੁਸੀਂ ਪਹਿਲਾਂ ਹੀ NHS ਅੰਗ ਦਾਨ ਰਜਿਸਟਰ ਤੇ ਰਜਿਸਟਰ ਕਰ ਚੁੱਕੇ ਹੋ ਅਤੇ ਤੁਹਾਡਾ ਫੈਸਲਾ ਉਹੀ ਰਹਿੰਦਾ ਹੈ, ਤਾਂ ਤੁਹਾਨੂੰ **ਆਪਣੇ ਪਰਿਵਾਰ ਨੂੰ ਦੱਸਣਾ ਚਾਹੀਦਾ ਹੈ ਜੋ ਤੁਸੀਂ ਚਾਹੁੰਦੇ ਹੋ।**

ਜੇ ਤੁਸੀਂ ਪਹਿਲਾਂ ਤੋਂ ਹੀ ਰਜਿਸਟਰਡ ਹੋ, ਪਰ **ਆਪਣੇ ਰਿਕਾਰਡ ਕੀਤੇ ਫੈਸਲੇ ਨੂੰ ਬਦਲਣਾ ਚਾਹੁੰਦੇ ਹੋ**, ਤਾਂ ਤੁਸੀਂ ਇਸ ਨੂੰ ਕਿਸੇ ਵੀ ਸਮੇਂ ਆਨਲਾਈਨ 'ਆਪਣੇ ਵੇਰਵਿਆਂ ਨੂੰ ਬਦਲੋ' ਫਾਰਮ ਨੂੰ ਪੂਰਾ ਕਰਕੇ ਕਰ ਸਕਦੇ ਹੋ।

## NHS ਅੰਗ ਦਾਨ ਰਜਿਸਟਰ ਕੀ ਹੈ?

NHS ਅੰਗ ਦਾਨ ਰਜਿਸਟਰ ਇੱਕ ਸੁਰੱਖਿਅਤ ਡੇਟਾਬੇਸ ਹੈ ਜਿਸ ਵਿੱਚ ਉਨ੍ਹਾਂ ਸਾਰਿਆਂ ਦੇ ਵੇਰਵੇ ਹਨ ਜਿਨ੍ਹਾਂ ਨੇ ਅੰਗ ਦਾਨ ਬਾਰੇ ਫੈਸਲਾ ਰਜਿਸਟਰ ਕੀਤਾ ਹੈ। ਇਹ ਰਿਕਾਰਡ ਕਰਦਾ ਹੈ ਕਿ ਕੀ ਕੋਈ ਵਿਅਕਤੀ ਕੋਈ ਅੰਗ ਜਾਂ ਟਿਸ਼ੂ ਦਾਨ ਕਰਨਾ ਚਾਹੁੰਦਾ ਹੈ ਜਾਂ ਨਹੀਂ। ਉਨ੍ਹਾਂ ਲਈ ਜੋ ਦਾਨ ਕਰਨਾ ਚਾਹੁੰਦੇ ਹਨ, ਇਹ ਰਿਕਾਰਡ ਕਰਦਾ ਹੈ ਕਿ ਉਹ ਕਿਹੜੇ ਅੰਗ ਜਾਂ ਟਿਸ਼ ਦਾਨ ਕਰਨਾ ਚਾਹੁੰਦੇ ਹਨ। ਰਜਿਸਟਰ ਤੇ ਕੇਵਲ ਵਿਸ਼ੇਸ਼ੱਗ NHS ਸਟਾਫ ਦੁਆਰਾ ਹੀ ਪਹੁੰਚ ਬਣਾਈ ਜਾ ਸਕਦੀ ਹੈ।

NHS ਅੰਗ ਦਾਨ ਰਜਿਸਟਰ ਤੇ ਆਪਣੇ ਫੈਸਲੇ ਨੂੰ ਰਿਕਾਰਡ ਕਰਨਾ ਅਤੇ ਆਪਣੇ ਪਰਿਵਾਰ ਨੂੰ ਇਹ ਦੱਸਣਾ ਕਿ ਤੁਸੀਂ ਕੀ ਚਾਹੁੰਦੇ ਹੋ, ਇਹ ਯਕੀਨੀ ਬਣਾਉਣ ਦੇ ਸ੍ਰੇਸ਼ਠ ਤਰੀਕੇ ਹਨ ਕਿ ਤੁਹਾਡੇ ਫੈਸਲੇ ਦਾ ਮਾਣ ਰੱਖਿਆ ਜਾਵੇ।

**ਯਾਦ ਰੱਖੋ, ਜੇ ਤੁਹਾਡੀ ਉਮਰ ਉਸ ਸਮੇਂ 18 ਸਾਲ ਤੋਂ ਜ਼ਿਆਦਾ ਹੈ ਜਦੋਂ ਤੁਹਾਡੀ ਮੌਤ ਹੁੰਦੀ ਹੈ, ਤੁਸੀਂ ਕਿਸੇ ਵਰਜਿਤ ਗਰੁੱਪ ਵਿੱਚ ਨਹੀਂ ਹੋ ਅਤੇ ਬਾਹਰ ਨਿਕਲਨਾ ਨਹੀਂ ਚੁਣਿਆ ਹੈ, ਤਾਂ ਇਹ ਮੰਨਿਆ ਜਾਵੇਗਾ ਕਿ ਤੁਸੀਂ ਅੰਗ ਅਤੇ ਟਿਸ਼ੂ ਦਾਨੀ ਹੋਣ ਲਈ ਸਹਿਮਤ ਹੋ।**

**ਤੁਸੀਂ ਜੋ ਵੀ ਚੋਣ ਕਰਦੇ ਹੋ, ਆਪਣੇ ਪਰਿਵਾਰ ਨੂੰ ਦੱਸਣਾ ਮਹੱਤਵਪੂਰਨ ਹੈ ਤਾਂ ਜੋ ਉਹ ਤੁਹਾਡੇ ਫੈਸਲੇ ਦਾ ਸਮਰਥਨ ਕਰ ਸਕਣ। ਤੁਹਾਨੂੰ ਉਨ੍ਹਾਂ ਨੂੰ ਤਾਂ ਵੀ ਦੱਸਣਾ ਚਾਹੀਦਾ ਹੈ ਜੇ ਤੁਸੀਂ ਭਵਿੱਖ ਵਿੱਚ ਆਪਣਾ ਫੈਸਲਾ ਬਦਲਦੇ ਹੋ।**

**ਆਪਣੇ ਫੈਸਲੇ ਨੂੰ ਰਜਿਸਟਰ ਕਰਨ ਲਈ organdonation.nhs.uk ਤੇ ਜਾਓ**

## ਕੀ ਪਤਝੜ (ਸਪ੍ਰਿੰਗ) 2020 ਤੋਂ ਬਾਅਦ ਵੀ ਮੇਰੇ ਪਰਿਵਾਰ ਨੂੰ ਮੇਰੇ ਅੰਗਾਂ ਦੇ ਦਾਨ ਕਰਨ ਬਾਰੇ ਪੁੱਛਿਆ ਜਾਵੇਗਾ?

ਹਾਂ। ਸੰਭਾਵਿਤ ਦਾਨੀ ਦੇ ਪਰਿਵਾਰ ਨੂੰ ਅੰਗ ਅਤੇ ਟਿਸ਼ੂ ਦਾਨ ਦੇ ਵਿਕਲਪ ਤੇ ਚਰਚਾ ਕਰਨ ਲਈ ਹਮੇਸ਼ਾਂ ਮਿਲਿਆ ਜਾਵੇਗਾ। ਇਹ ਇਸ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ NHS ਅੰਗ ਦਾਨੀ ਰਜਿਸਟਰ ਤੇ ਰਜਿਸਟਰ ਕੀਤਾ ਕੋਈ ਵੀ ਫੈਸਲਾ ਤੁਹਾਡਾ ਨਵੀਨਤਮ ਜਾਣੂ ਫੈਸਲਾ ਹੈ। ਇੱਕ ਵਿਸ਼ੇਸ਼ੱਗ ਨਰਸ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਪਰਿਵਾਰ ਨਾਲ ਕੰਮ ਕਰੇਗੀ ਕਿ ਇਸ ਦਾ ਸਮਰਥਨ ਹੋਇਆ ਹੈ।

ਤੁਹਾਡਾ ਪਰਿਵਾਰ ਸਾਨੂੰ ਉਨ੍ਹਾਂ ਕਿਸੇ ਖਾਸ ਬੇਨਤੀਆਂ ਜਾਂ ਲੋੜਾਂ ਬਾਰੇ ਦੱਸ ਸਕਦਾ ਹੈ ਜੋ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਤੁਹਾਡੀਆਂ ਹੋ ਸਕਦੀਆਂ ਹਨ ਕਿ ਅੰਗ ਦਾਨ ਤੁਹਾਡੇ ਧਰਮ ਜਾਂ ਵਿਸ਼ਵਾਸ ਅਨੁਸਾਰ ਅੱਗੇ ਕੀਤਾ ਜਾਵੇ।

ਤੁਹਾਡਾ ਪਰਿਵਾਰ ਤੁਹਾਡੇ ਮੈਡੀਕਲ, ਸਫਰ ਅਤੇ ਸਮਾਜਿਕ ਇਤਿਹਾਸ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਜਾਣਕਾਰੀ ਇਹ ਜਾਂਚ ਕਰਨ ਵਿੱਚ ਮਦਦ ਕਰਦੀ ਹੈ ਕਿ ਤੁਹਾਡੇ ਅੰਗ ਸੁਰੱਖਿਅਤ ਢੰਗ ਨਾਲ ਕਿਸੇ ਹੋਰ ਵਿਅਕਤੀ ਨੂੰ ਦਿੱਤੇ ਜਾ ਸਕਦੇ ਹਨ।

## ਆਪਣੀਆਂ ਚੋਣਾਂ ਬਾਰੇ ਹੋਰ ਜਾਣੋ

ਅੰਗ ਅਤੇ ਟਿਸ਼ੂ ਦਾਨ ਬਾਰੇ ਹੋਰ ਬਹੁਤ ਸਾਰੀ ਜਾਣਕਾਰੀ ਸਾਡੀ ਵੈੱਬਸਾਈਟ: **organdonation.nhs.uk** ਅਤੇ ਸੋਸ਼ਲ ਮੀਡੀਆ **@NHSOrganDonor** ਤੇ ਹੈ।

ਜਦੋਂ ਤੁਸੀਂ ਆਪਣਾ ਫੈਸਲਾ ਕਰ ਲੈਂਦੇ ਹੋ, ਤਾਂ ਇਸ ਨੂੰ NHS ਅੰਗ ਦਾਨ ਰਜਿਸਟਰ ਤੇ ਰਜਿਸਟਰ ਕਰਨਾ ਅਤੇ ਆਪਣੀ ਚੋਣ ਬਾਰੇ ਆਪਣੇ ਪਰਿਵਾਰ ਨੂੰ ਸੂਚਿਤ ਕਰਨਾ ਮਹੱਤਵਪੂਰਨ ਹੈ।

ਜੇ ਤੁਹਾਨੂੰ ਵੈੱਬਸਾਈਟ ਤੇ ਉਹ ਚੀਜ਼ ਨਹੀਂ ਮਿਲ ਸਕਦੀ ਜਿਸ ਦੀ ਤੁਹਾਨੂੰ ਲੋੜ ਹੈ ਜਾਂ ਅਜੇ ਵੀ ਅਨਿਸ਼ਚਿਤ ਹੋ, ਤਾਂ ਤੁਸੀਂ ਸਾਡੀ ਸਮਰਪਿਤ ਹੈਲਪਲਾਈਨ ਤੇ ਕਾਲ ਕਰ ਸਕਦੇ ਹੋ:
**0300 303 2094**

ਜੇ ਤੁਹਾਨੂੰ ਸੁਣਨ ਵਿੱਚ ਮੁਸ਼ਕਿਲ ਹੁੰਦੀ ਹੈ ਤਾਂ ਕਿਰਪਾ ਕਰਕੇ ਸਾਡੀ ਟੈਕਸਟ ਰਿਲੇ ਸਰਵਿਸ ਦੀ ਵਰਤੋਂ ਕਰੋ:
**18001 0845 730 0106**

ਟੈਕਸਟ ਚੈਟ ਵਰਤਣ ਲਈ ਕਿਰਪਾ ਕਰਕੇ SMS ਕਰੋ:
**07860 034 343**

1 ਮਈ 2019 ਤੋਂ, NHS ਐਪ ਨੂੰ ਐਕਸੈਸ ਕਰਨ ਵਾਲਾ ਕੋਈ ਵੀ ਵਿਅਕਤੀ NHS ਅੰਗ ਦਾਨ ਰਜਿਸਟਰ ਤੇ ਆਪਣੇ ਫੈਸਲੇ ਨੂੰ ਰਜਿਸਟਰ ਕਰਨ ਲਈ ਇਸ ਨੂੰ ਵਰਤਣ ਦੇ ਯੋਗ ਹੋਵੇਗਾ।

ਤੁਸੀਂ ਐਪ ਸਟੋਰ ਜਾਂ ਗੂਗਲ ਪਲੇ ਤੋਂ NHS ਐਪ ਨੂੰ ਡਾਉਨਲੋਡ ਕਰ ਸਕਦੇ ਹੋ।

Download on the App Store

GET IT ON Google Play



ਰੋਹਿਤ ਸਿਰਫ 55 ਸਾਲ ਦਾ ਸੀ ਅਤੇ ਦਿਲ ਦਾ ਦੌਰਾ ਪੈਣ ਤੋਂ ਬਾਅਦ ਉਸਦੀ ਮੋਤ ਹੋ ਗਈ. ਉਸ ਦੇ ਗੁਰਦਿਆਂ, ਦਿਲ ਦੇ ਵਾਲਵ ਅਤੇ ਅੱਖਾਂ ਦੀਆਂ ਪੁਤਲੀਆਂ ਨੂੰ ਦੂਜਿਆਂ ਦੀ ਮਦਦ ਕਰਨ ਲਈ ਦਾਨ ਦਿੱਤਾ ਗਿਆ।